# ਦਫਤਰ ਜਿਲ੍ਹਾ ਮੈਜਿਸਟਰੇਟ,ਬਰਨਾਲਾ

(ਐਮ.ਏ. ਸ਼ਾਖਾ)

**ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਹੁਕਮ ਜਿਲ੍ਹਾ ਬਰਨਾਲਾ**

ਹੁਕਮ ਨੰ: 234 /ਐਮ.ਏ. ਹੁਕਮ ਮਿਤੀ: 25/04/2019

ਕਮਿਸ਼ਨਰ, Food & Drugs Administration, ਪੰਜਾਬ ਵੱਲੋਂ ਨੋਟੀਫਿਕੇਸ਼ਨ ਨੰ:(Food) Pb.-2018/1815 ਮਿਤੀ:09-10-2018 ਰਾਹੀਂ U/s 30(2)(a) of the Food Safety and Standards Act, 2006. read with provisions contained in Regulation 2.3.4 of the Food Safety and Standards (Prohibition and Restrictions on Sales) Regulations, 2011 ਤਹਿਤ ਰਾਜ ਅੰਦਰ ਬਾਜਾਰਾਂ ਵਿੱਚ ਉਪਲੱਬਧ ਗੁਟਕਾ, ਪਾਨ ਮਸਾਲਾ ਅਤੇ ਖਾਣ ਪੀਣ ਵਾਲੀਆਂ ਹੋਰ ਚੀਜਾਂ ਜਿਨ੍ਹਾਂ ਵਿੱਚ ਤੰਬਾਕੂ ਅਤੇ ਨਿਕੋਟੀਨ ਹੋਵੇ ਨੂੰ ਬਨਾਉਣ, ਸਟੋਰ ਕਰਨ, ਵੇਚਣ/ਸਰਵ ਕਰਨ ਤੇ ਮੁਕੰਮਲ ਪਾਬੰਦੀ ਦੇ ਹੁਕਮ ਹਨ। ਇਹ ਤੰਬਾਕੂ ਪਦਾਰਥ ਲੋਕਾਂ ਦੀ ਸਿਹਤ ਵਾਸਤੇ ਬਹੁਤ ਹਾਨੀਕਾਰਕ ਹੁੰਦੇ ਹਨ ਅਤੇ ਕਈ ਤਰ੍ਹਾਂ ਦੀਆਂ ਘਾਤਕ ਬੀਮਾਰੀਆਂ ਦਾ ਕਾਰਣ ਬਣਦੇ ਹਨ। ਇਸ ਲਈ ਆਮ ਪਬਲਿਕ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਅਮਨ-ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਹਿੱਤ ਇਹ ਹੁਕਮ ਸਖਤੀ ਨਾਲ ਲਾਗੂ ਕਰਵਾਉਣਾ ਜਰੂਰੀ ਹੈ।

ਇਸਤੋਂ ਇਲਾਵਾ ਸਟੇਟ ਪ੍ਰੋਗਰਾਮ ਅਫ਼ਸਰ, ਤੰਬਾਕੂ ਕੰਟਰੋਲ ਸੈਲ, ਪੰਜਾਬ ਜੀ ਦੇ ਪੱਤਰ ਨੰ: ਤੰਬਾਕੂ.ਕੰਟਰੋਲ.ਸੈਲ.ਪੰ/2016/15166 ਮਿਤੀ: 29-12-2016 ਅਨੁਸਾਰ ਹੁੱਕਾ ਪੀਣਾ ਸਿਹਤ ਲਈ ਬਹੁਤ ਹੀ ਹਾਨੀਕਾਰਕ ਹੈ। ਕੇਂਦਰ ਦੁਆਰਾ ਡਸੀਜ ਕੰਟਰੋਲ ਅਤੇ ਪ੍ਰੀਵੈਨਸ਼ਲ ਸਟੱਡੀ ਦੀ ਇੱਕ ਰਿਪੋਰਟ ਪ੍ਰੀਵੈਨਟਿਵ ਕ੍ਰੋਨਿਕ ਡਸੀਜ (PCD) 2012 ਅਨੁਸਾਰ ਹੁੱਕਾ ਇਕ ਕਾਰਸੀਨੋਜੈਨਿਕ ਹੈ। ਹੁੱਕੇ ਵਿੱਚ ਆਮ ਤੌਰ ਤੇ ਨਿਕੋਟੀਨ ਹੁੰਦਾ ਹੈ, ਜੋ ਕਿ ਬਹੁਤ ਅਡਿਕਟਿਵ ਹੈ ਅਤੇ ਇਕ ਹਾਨੀਕਾਰਕ ਰਸਾਇਣ ਹੈ। ਹੁੱਕੇ ਵਿੱਚ ਹੋਰ ਵੀ ਬਹੁਤ ਸਾਰੇ ਹਾਨੀਕਾਰਕ ਰਸਾਇਣ ਹੁੰਦੇ ਹਨ, ਜੋ ਕਿ ਪਾਣੀ ਨਾਲ ਵੀ ਫਿਲਟਰ ਨਹੀਂ ਹੁੰਦੇ। ਹੁੱਕਾ ਸ਼ੇਅਰ ਕਰਨ ਨਾਲ ਬਹੁਤ ਸਾਰੀਆਂ ਛੂਤ ਦੀਆਂ ਬਿਮਾਰੀਆਂ ਜਿਵੇਂ ਕਿ ਟੀ.ਬੀ. ਆਦਿ ਹੋ ਜਾਂਦੀਆਂ ਹਨ। ਹੁੱਕੇ ਵਿੱਚ ਤੰਬਾਕੂ ਗਰਮ ਕਰਨ ਲਈ ਜੋ ਚਾਰਕੋਲ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਨਾਲ ਸਿਹਤ ਨੂੰ ਹੋਰ ਵੀ ਖਤਰਾ ਹੈ ਕਿਉਂਕਿ ਉਸਦੇ ਧੂੰਏਂ ਵਿੱਚ ਕਾਰਬਨ ਮੋਨੋਆਕਸਾਇਡ, ਮੈਟਲਸ ਅਤੇ ਕੈਂਸਰ ਕਰਨ ਵਾਲੇ ਰਸਾਇਣ ਬਹੁਤ ਹੀ ਜਿਆਦਾ ਮਾਤਰਾ ਵਿੱਚ ਹੁੰਦੇ ਹਨ।

ਇਸ ਲਈ ਮੈਂ, **ਤੇਜ ਪ੍ਰਤਾਪ ਸਿੰਘ ਫੂਲਕਾ, ਆਈ.ਏ.ਐਸ, ਜਿਲ੍ਹਾ ਮੈਜਿਸਟਰੇਟ, ਬਰਨਾਲਾ** ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਜਿਲ੍ਹਾ ਬਰਨਾਲਾ ਅੰਦਰ ਗੁਟਕਾ, ਪਾਨ ਮਸਾਲਾ ਅਤੇ ਖਾਣ-ਪੀਣ ਵਾਲੀਆਂ ਹੋਰ ਚੀਜਾਂ, ਜਿਨ੍ਹਾਂ ਵਿੱਚ ਤੰਬਾਕੂ ਅਤੇ ਨਿਕੋਟੀਨ ਹੋਵੇ, ਨੂੰ ਵੱਖ-ਵੱਖ ਫਲੇਵਰਾਂ ਆਦਿ ਵਿੱਚ ਪਾ ਕੇ ਕਿਸੇ ਵੀ ਬਾਰ/ਹੁੱਕਾ ਬਾਰ, ਹੋਟਲ/ਰੈਸਟੋਰੈਂਟ ਆਦਿ ਵਿੱਚ ਆਉਣ ਵਾਲਿਆਂ ਨੂੰ ਵੇਚਣ/ਸਰਵ ਕਰਨ ਤੇ ਅਤੇ ਹੁੱਕਾ ਬਾਰ ਚਲਾਉਣ ਤੇ ਮੁਕੰਮਲ ਪਾਬੰਦੀ ਲਗਾਉਂਦਾ ਹਾਂ।

ਉਪਰੋਕਤ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਹੁਕਮ ਇੱਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਨ ਕੀਤਾ ਜਾਂਦਾ ਹੈ।

ਇਹ ਹੁਕਮ ਜਿਲ੍ਹਾ ਲੋਕ ਸੰਪਰਕ ਅਫ਼ਸਰ, ਬਰਨਾਲਾ ਵੱਲੋਂ ਪ੍ਰੈਸ ਨੋਟ ਜਾਰੀ ਕਰਕੇ, ਪ੍ਰਚਾਰ ਵੈਨ ਰਾਂਹੀਂ ਪ੍ਰਚਾਰ ਕਰਵਾਕੇ, ਟੀ.ਵੀ. ਰੇਡਿਓ/ਪ੍ਰੈਸ ਮਾਧਿਅਮ ਰਾਂਹੀ ਅਤੇ ਇਸ ਹੁਕਮ ਦੀਆਂ ਕਾਪੀਆਂ ਜਿਲ੍ਹਾ ਮੈਜਿਸਟਰੇਟ, ਵਧੀਕ ਜਿਲ੍ਹਾ ਮੈਜਿਸਟਰੇਟ, ਐਸ.ਐਸ.ਪੀ, ਉਪ ਮੰਡਲ ਮੈਜਿਸਟਰੇਟਜ/ਤਹਿਸੀਲਦਾਰ/ਅਦਾਲਤਾਂ/ਨਗਰ ਕੌਂਸਲਾਂ/ਨਗਰ ਪੰਚਾਇਤਾਂ/ਨਗਰ ਸੁਧਾਰ ਟਰੱਸਟ/ ਬੀ.ਡੀ.ਪੀ.ਓਜ਼/ਡੀ.ਡੀ.ਪੀ.ਓ ਦੇ ਦਫਤਰਾਂ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਵਾਕੇ, ਜਾਰੀ ਕੀਤਾ ਜਾਵੇ।

**ਇਸ ਹੁਕਮ ਨੂੰ ਤੁਰੰਤ ਲਾਗੂ ਕਰਵਾਉਣ ਲਈ ਸੀਨੀਅਰ ਕਪਤਾਨ ਪੁਲਿਸ, ਬਰਨਾਲਾ/ਸਿਵਲ ਸਰਜਨ, ਬਰਨਾਲਾ ਅਤੇ ਜਿਲ੍ਹਾ ਕੰਟਰੋਲਰ, ਖੁਰਾਕ ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ, ਬਰਨਾਲਾ ਪੂਰਨ ਤੌਰ ਤੇ ਜਿੰਮੇਵਾਰ ਹੋਣਗੇ।**

**ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਹੋਇਆ, ਜੋ ਮਿਤੀ: 26/04/2019 ਤੋਂ ਲੈਕੇ ਮਿਤੀ: 25/06/2019 ਤੱਕ ਜ਼ਿਲ੍ਹਾ ਬਰਨਾਲਾ ਅੰਦਰ ਲਾਗੂ ਰਹੇਗਾ।**

**ਤੇਜ ਪ੍ਰਤਾਪ ਸਿੰਘ ਫੂਲਕਾ,** ਆਈ.ਏ.ਐਸ.
ਜਿਲ੍ਹਾ ਮੈਜਿਸਟਰੇਟ, ਬਰਨਾਲਾ।

ਜ਼ਿਲ੍ਹਾ ਮੈਜਿਸਟਰੇਟ ਬਰਨਾਲਾ

ਪਿੱਠ ਅੰਕਣ ਨੰ: 6196-6255 /ਐਮ.ਏ. ਮਿਤੀ: 25/04 /2019

**ਉਪਰੋਕਤ ਹੁਕਮ ਦਾ ਇੱਕ ਉਤਾਰਾ ਹੇਠਾਂ ਦਰਜ ਪਾਸ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਘੱਲਿਆ ਜਾਂਦਾ ਹੈ:**

1) ਮੁੱਖ ਸਕੱਤਰ,ਪੰਜਾਬ ਸਰਕਾਰ, ਚੰਡੀਗੜ੍ਹ।
2) ਗ੍ਰਹਿ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
3) ਡਾਇਰੈਕਟਰ ਜਨਰਲ ਆਫ ਪੁਲਿਸ ਪੰਜਾਬ, ਚੰਡੀਗੜ੍ਹ।
4) ਕਮਿਸ਼ਨਰ ਪਟਿਆਲਾ ਮੰਡਲ, ਪਟਿਆਲਾ।
5) ਡੀ.ਆਈ.ਜੀ, ਪਟਿਆਲਾ ਰੇਂਜ ਪਟਿਆਲਾ।
6) ਕਮਿਸ਼ਨਰ ਫੂਡ ਸੇਫਟੀ-ਕਮ-ਸਕੱਤਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
7) ਸਟੇਟ ਪ੍ਰੋਗਰਾਮ ਅਫ਼ਸਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, (ਤੰਬਾਕੂ ਕੰਟਰੋਲ ਸੈਲ), ਕਮਰਾ ਨੰ: 223, ਪਹਿਲੀ ਮੰਜਿਲ, ਸੈਕਟਰ 34-ਏ, ਚੰਡੀਗੜ੍ਹ।
8) ਜਿਲ੍ਹਾ ਮੈਜਿਸਟਰੇਟ ਫਰੀਦਕੋਟ/ਫਿਰੋਜਪੁਰ/ਲੁਧਿਆਣਾ/ਜਲੰਧਰ/ਅੰਮ੍ਰਿਤਸਰ/ਕਪੂਰਥਲਾ/ਹੁਸ਼ਿਆਰਪੁਰ/ਪਟਿਆਲਾ/ਮਾਨਸਾ/ਮੁਕਤਸਰ/ਮੋਗਾ/ਬਠਿੰਡਾ/ਸ਼ਹੀਦ ਭਗਤ ਸਿੰਘ ਨਗਰ(ਨਵਾਂ ਸਹਿਰ)/ਫਤਿਹਗੜ ਸਾਹਿਬ/ਸੰਗਰੂਰ/ਗੁਰਦਾਸਪੁਰ/ਫਾਜਿਲਕਾ/ਪਠਾਨਕੋਟ/ਰੂਪਨਗਰ/ਤਰਨਤਾਰਨ/ ਅਜੀਤਗੜ੍ਹ(ਐਸ.ਏ.ਐਸ.ਨਗਰ-ਮੋਹਾਲੀ)।
9) ਜਿਲ੍ਹਾ ਅਤੇ ਸ਼ੈਸ਼ਨ ਜੱਜ, ਬਰਨਾਲਾ।
10) ਸੀਨੀਅਰ ਕਪਤਾਨ ਪੁਲਿਸ, ਬਰਨਾਲਾ।
11) ਸਿਵਲ ਸਰਜਨ, ਬਰਨਾਲਾ।
12) ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਰਨਾਲਾ।
13) ਜਿਲ੍ਹਾ ਅਟਾਰਨੀ (ਲੀਗਲ) ਬਰਨਾਲਾ।
14) ਜਿਲ੍ਹਾ ਮਾਲ ਅਫ਼ਸਰ ਬਰਨਾਲਾ/ਡੀ.ਡੀ.ਪੀ.ਓ. ਬਰਨਾਲਾ।
15) ਉਪ ਮੰਡਲ ਮੈਜਿਸਟਰੇਟ, ਬਰਨਾਲਾ/ਤਪਾ।
16) ਤਹਿਸੀਲਦਾਰ ਬਰਨਾਲਾ/ਤਪਾ ਅਤੇ ਨਾਇਬ ਤਹਿਸੀਲਦਾਰ ਬਰਨਾਲਾ/ਤਪਾ/ਭਦੌੜ/ਧਨੌਲਾ/ਮਹਿਲਕਲਾਂ
17) ਕਾਰਜ ਸਾਧਕ ਅਫਸਰ, ਨਗਰ ਕੌਂਸਲ ਬਰਨਾਲਾ/ਤਪਾ/ਧਨੌਲਾ/ਭਦੌੜ/ਨਗਰ ਪੰਚਾਇਤ ਹੰਡਿਆਇਆ/ਨਗਰ ਸੁਧਾਰ ਟਰਸੱਟ, ਬਰਨਾਲਾ।
18) ਜਿਲ੍ਹਾ ਸਿੱਖਿਆ ਅਫਸਰ(ਸੈਕੰ./ਐਲੀ.),ਬਰਨਾਲਾ।
19) ਜਿਲ੍ਹਾ ਕੰਟਰੋਲਰ ਖੁਰਾਕ ਸਿਵਲ ਸਪਲਾਈਜ਼ ਤੇ ਖਪਤਕਾਰ ਮਾਮਲੇ, ਬਰਨਾਲਾ/ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਬਰਨਾਲਾ।
20) ਜਿਲ੍ਹਾ ਲੋਕ ਸੰਪਰਕ ਅਫਸਰ, ਬਰਨਾਲਾ ਪਾਸ ਹੁਕਮ ਵਿੱਚ ਦਰਜ ਅਨੁਸਾਰ ਕਾਰਵਾਈ ਕਰਕੇ ਰਿਪੋਰਟ ਇਸ ਦਫ਼ਤਰ ਨੂੰ ਭੇਜਣ ਹਿਤ।
21) ਪੀ.ਏ.ਟੂ ਡੀ.ਐਮ./ਸਟੈਨੋਗਰਾਫਰ ਟੂ ਏ.ਡੀ.ਐਮ(ਜ)/ਸ.ਕ.(ਜ/ਸ਼ਿ) ਦਫ਼ਤਰ ਹਜਾ ਪਾਸ ਅਫ਼ਸਰ ਸਾਹਿਬਾਨ ਦੀ ਜਾਣਕਾਰੀ ਹਿਤ।

ਵਾ: ਜਿਲ੍ਹਾ ਮੈਜਿਸਟਰੇਟ
ਬਰਨਾਲਾ।